

ਭਾਈ ਘਨ੍ਹਈਆ ਜੀ ਮਿਸ਼ਨ ਸੁਸਾਇਟੀ (ਰਜਿ.) ਅੰਮ੍ਰਿਤਸਰ ਵੱਲੋਂ

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥

# ਸਨਮਾਨ ਪੱਤਰ

## ਇਕ ਵਿਲਖਣ ਸਖ਼ਸੀਅਤ - ਸ. ਭੂਪਿੰਦਰ ਸਿੰਘ ਜੀ ਕੋਹਲੀ



ਗੁਰੂ ਨਾਨਕ ਘਰ ਦੇ ਸੁਨਿਹਰੀ ਸਿਧਾਤਾਂ ਤੇ ਚਲਣਾ, ਮਨੁੱਖਾ ਜਨਮ ਨੂੰ ਗੁਰਿ-ਜੁਗਤਿ ਰਾਹੀਂ ਸੁਫਲਾ ਕਰਨਾ ਅਤੇ ਸਰਬੱਤ ਦੇ ਭਲੇ ਦੇ ਵਿਸ਼ਵ ਵਿਆਪੀ ਸੁਨੇਹੇ ਨੂੰ ਸੰਸਾਰ ਭਰ ਵਿਚ ਪਰਚਾਰਨ ਦੀ ਸਾਕਾਰ ਮੂਰਤ ਹਨ-ਮੁੰਬਈ ਨਿਵਾਸੀ ਸ. ਭੂਪਿੰਦਰ ਸਿੰਘ ਕੋਹਲੀ।

16 ਮਈ 1960 ਨੂੰ ਮੁੰਬਈ ਵਿਖੇ ਮਾਤਾ ਜੋਗਿੰਦਰ ਕੌਰ ਦੀ ਕੁਖੋਂ ਪਿਤਾ ਸ. ਜਗਜੀਤ ਸਿੰਘ ਜੀ ਕੋਹਲੀ ਦੇ ਘਰ ਜਨਮੇ ਸ. ਭੂਪਿੰਦਰ ਸਿੰਘ ਕੋਹਲੀ ਜੀ ਦੀ ਉਪਜੀਵਕਾ ਦਾ ਸਰੋਤ ਸੰਨ 1980 ਵਿਚ ਸਟੇਟ ਬੈਂਕ ਆਫ ਇੰਡੀਆ ਬਣਿਆ। ਬੈਂਕ ਦੀਆਂ ਸੇਵਾਵਾਂ ਨੂੰ ਮਿਹਨਤ, ਲਗਨ ਅਤੇ ਦਿਆਨਤਦਾਰੀ ਨਾਲ ਨਿਭਾਉਣ ਦੇ ਨਾਲ-ਨਾਲ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਤਹਿਤ ਜੀਵਨ ਦੀਆਂ ਅਨਮੋਲ ਘੜੀਆਂ ਨੂੰ ਲੋੜਵੰਦ ਗਰੀਬਾਂ, ਰੋਗ ਪੀੜਤਾਂ, ਨਿਆਸਰਿਆਂ, ਕੁਦਰਤੀ ਆਫਤਾਂ ਵਿਚ ਘਿਰੀ ਲੋਕਾਈ ਦੀ ਸਹਾਇਤਾ, ਮੁਸੀਬਤ ਵਿਚ ਫਸੇ ਲਈ ਰਾਹਤ ਜੁਟਾਉਣ ਵਰਗੇ ਸਮਾਜਿਕ ਸੇਵਾ ਦੇ ਕਾਰਜ ਕਰਨੇ ਜਿਥੇ ਆਪ ਜੀ ਦਾ ਨੇਮ ਹੈ ਉਥੇ ਸੰਤੋਸ਼ਜਨਕ ਰੁਝੇਵਾਂ ਵੀ।

ਘਰ ਪਈ ਅਣਵਰਤੋਂ ਵਾਲੀ ਵਸਤੂ ਕਿਸੇ ਲੋੜਵੰਦ ਨੂੰ ਦਿੱਤੀ ਜਾ ਸਕਦੀ ਹੈ, ਪਰ ਥਾਂ ਥਾਂ ਤੋਂ ਐਸੀਆਂ ਵਰਤੋਂ ਯੋਗ ਵਸਤਾਂ, ਪੁਰਾਣੇ ਕੱਪੜੇ, ਭਾਂਡੇ, ਖਿਡੌਣੇ, ਚੰਗਾ ਸਾਹਿਤ, ਵਰਤੋਂ ਯੋਗ ਦਵਾਈਆਂ, ਫਰੀ ਸੈਂਪਲ ਇਕੱਠੇ ਕਰਕੇ ਲੋੜਵੰਦ ਚੈਰੀਟੇਬਲ ਸੰਸਥਾਵਾਂ, ਯਤੀਮ ਗਰੀਬ ਬੱਚਿਆਂ, ਬਿਰਧ ਘਰਾਂ ਤੱਕ ਪਹੁੰਚਾਣਾ, ਆਫਤ ਵਿਚ ਫਸੇ ਜ਼ਖ਼ਮੀਆਂ ਬਿਮਾਰਾਂ ਲਈ ਆਪਣੀ ਨਿੱਜੀ ਕਾਰ ਨੂੰ ਐਂਬੂਲੈਂਸ ਦੇ ਤੌਰ ਤੇ ਦਿਨ ਰਾਤ ਸੇਵਾ ਲਈ ਅਰਪਨ ਕਰਨਾ ਆਦਿਕ ਸੇਵਾਵਾਂ ਸ. ਭੂਪਿੰਦਰ ਸਿੰਘ ਜਿਹੇ ਵਿਰਲੇ ਇਨਸਾਨ ਹੀ ਕਰ ਸਕਦੇ ਹਨ। 4800 ਦੇ ਲਗਭਗ ਖੂਨਦਾਨੀਆਂ ਦੀ ਮੁਕੰਮਲ ਬਲੱਡ ਗਰੁੱਪ ਡਾਇਰੈਕਟਰੀ ਤਿਆਰ ਕਰਨਾ ਆਪ ਦਾ ਸ਼ਲਾਘਾਯੋਗ ਕਾਰਜ ਹੈ।

ਸੰਨ 2011 ਦੇ ਮੁੰਬਈ ਟਰੇਨ ਬਲਾਸਟ, ਮੁੰਬਈ ਅਤਿਵਾਦੀ ਅਟੈਕ, ਗੁਜਰਾਤ ਦੇ ਭੂਚਾਲ, ਸੂਰਤ ਅਤੇ ਮੁੰਬਈ ਦੇ ਤੂਫਾਨ ਪੀੜਤਾਂ ਲਈ ਆਪ ਦੀਆਂ ਨਿਭਾਈਆਂ ਸੇਵਾਵਾਂ ਅਤੇ ਹੋਰ ਅਨੇਕਾਂ ਸਮਾਜ ਭਲਾਈ ਦੇ ਕਾਰਜਾਂ ਲਈ ਆਪ ਜੀ ਨੂੰ ਵੱਖ ਵੱਖ ਸੰਸਥਾਵਾਂ ਵੱਲੋਂ ਵਿਸ਼ੇਸ਼ ਸਨਮਾਨ ਜਿਵੇਂ ਕਿ ਸਿੱਖ ਅਵਾਰਡ ਲੰਦਨ, ਕਰਮਵੀਰ ਪੁਰਸਕਾਰ, ਪਰਮਾਨੰਦ ਅਵਾਰਡ-2011, ਸਮਾਜ ਸ਼ਕਤੀ ਅਵਾਰਡ-2010 ਅਤੇ ਹੋਰ ਕਈ ਸਨਮਾਨਾਂ ਨਾਲ ਨਿਵਾਜਿਆ ਗਿਆ। ਆਪ ਜੀ ਕਈ ਸਮਾਜ ਸੇਵੀ ਸੰਸਥਾਵਾਂ ਜਿਵੇਂ ਰੈੱਡ ਕਰਾਸ ਸੁਸਾਇਟੀ, ਸਿਵਲ ਡੀਫੈਂਸ ਟਰੈਫਿਕ ਵਾਰਡਨ ਆਦਿਕ ਦੇ ਸਰਗਰਮ ਮੈਂਬਰ ਹਨ।

ਸਮਾਜ ਪ੍ਰਤੀ ਨਿਭਾਈਆਂ ਜਾ ਰਹੀਆਂ ਆਪ ਜੀ ਦੀਆਂ ਵੱਡਮੁਲੀਆਂ ਸੇਵਾਵਾਂ ਦੇ ਸਤਿਕਾਰ ਵਜੋਂ ਅੱਜ ਮਿਤੀ 31 ਮਾਰਚ 2013 ਐਤਵਾਰ ਨੂੰ ਭਾਈ ਘਨ੍ਹਈਆ ਜੀ ਮਿਸ਼ਨ ਸੁਸਾਇਟੀ (ਰਜਿ.), ਅੰਮ੍ਰਿਤਸਰ ਦੇ 16ਵੇਂ ਸਾਲਾਨਾ ਧੰਨਵਾਦ ਦਿਵਸ ਤੇ ਸੁਸਾਇਟੀ ਆਪ ਜੀ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ **"ਭਾਈ ਘਨ੍ਹਈਆ ਜੀ ਸੇਵਾ ਅਵਾਰਡ-2013"** ਨਾਲ ਸਨਮਾਨਿਤ ਕਰਨ ਤੇ ਫ਼ਖ਼ਰ ਮਹਿਸੂਸ ਕਰਦੀ ਹੈ ਅਤੇ ਅਕਾਲ ਪੁਰਖ ਤੋਂ ਆਪ ਜੀ ਦੀ ਚੰਗੀ ਸਿਹਤ ਅਤੇ ਚੜ੍ਹਦੀ ਕਲਾ ਦੀ ਅਰਦਾਸ ਕਰਦੀ ਹੈ ਤਾਂ ਜੋ ਆਪ ਜੀ ਹੋਰ ਉਤਸ਼ਾਹਿਤ ਹੋ ਕੇ ਸੇਵਾ ਦੇ ਕਾਰਜਾਂ ਵਿੱਚ ਜੁਟੇ ਰਹਿਣ।

ਮਨਜੀਤ ਸਿੰਘ
ਚੇਅਰਮੈਨ

ਇੰਜ. ਦਰਸ਼ਨ ਸਿੰਘ ਚਾਨੀ
ਪ੍ਰਧਾਨ